## ਦੇਖਭਾਲ ਦਾ ਸੁਰੱਖਿਅਤ ਅਤੇ ਅਸਰਦਾਰ ਮਾਡਲ

### Safe and Effective Model of Care

ਘਰ ਵਿੱਚ ਹਸਪਤਾਲ ਦੀਆਂ ਸੇਵਾਵਾਂ ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਵਧ ਰਿਹਾ ਰੁਝਾਨ ਹੈ ਅਤੇ ਇਹ ਸੂਬੇ ਦੇ ਦੂਜੇ ਖੇਤਰਾਂ ਵਿੱਚ ਪਹਿਲਾਂ ਹੀ ਉਪਲਬਧ ਹਨ।

ਖੋਜ ਅਧਿਐਨਾਂ ਨੇ ਦਿਖਾਇਆ ਹੈ ਕਿ ਇਸ ਕਿਸਮ ਦੀ ਦੇਖਭਾਲ ਰਵਾਇਤੀ ਹਸਪਤਾਲ ਵਿੱਚ ਦਾਖਲ ਹੋਣ ਵਰਗੀ ਜਾਂ ਬਿਹਤਰ ਦੇਖਭਾਲ ਪ੍ਰਦਾਨ ਕਰਦੀ ਹੈ।

ਸਿਰਫ ਉਹ ਮਰੀਜ਼ ਜੋ ਸਾਡੇ ਸਖਤ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਸੁਰੱਖਿਅਤ ਢੰਗ ਨਾਲ ਇਸ ਕਿਸਮ ਦੀ ਦੇਖਭਾਲ ਪ੍ਰਾਪਤ ਕਰ ਸਕਦੇ ਹਨ। ਹਸਪਤਾਲ ਵਿੱਚ ਦਾਖਲੇ ਤੋਂ ਬਾਅਦ, ਇੱਕ ਹੌਸਪਿਟਲ ਐਟ ਹੋਮ (HaH) ਡਾਕਟਰ ਤੁਹਾਡੀਆਂ ਡਾਕਟਰੀ ਜ਼ਰੂਰਤਾਂ ਦਾ ਮੁਲਾਂਕਣ ਕਰੇਗਾ ਅਤੇ ਇਹ ਨਿਰਧਾਰਤ ਕਰੇਗਾ ਕਿ ਕੀ ਇਹ ਪ੍ਰੋਗਰਾਮ ਤੁਹਾਡੀਆਂ ਦੇਖਭਾਲ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।



## ਅਸੀਂ ਤੁਹਾਡੇ ਤੋਂ ਜਾਣਨਾ ਚਾਹੁੰਦੇ ਹਾਂ

### We Want to Hear From You

ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਹੌਸਪਿਟਲ ਐਟ ਹੋਮ (HaH) ਪ੍ਰੋਗਰਾਮ ਸਾਡੇ ਭਾਈਚਾਰੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।

ਸਾਡੇ ਨਿਰੰਤਰ ਸਿੱਖਦੇ ਰਹਿਣ ਦੇ ਹਿੱਸੇ ਵਜੋਂ, ਅਸੀਂ ਉਦੋਂ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਆਪਣੇ ਅਨੁਭਵ ਅਤੇ ਫੀਡਬੈਕ ਸਾਂਝੇ ਕਰਨ ਲਈ ਸੱਦਾ ਦੇਵਾਂਗੇ ਜਦੋਂ ਤੁਹਾਡਾ ਹੌਸਪਿਟਲ ਐਟ ਹੋਮ (HaH) ਪ੍ਰੋਗਰਾਮ ਪੂਰਾ ਹੋ ਜਾਂਦਾ ਹੈ।

ਸਾਡੇ ਨਾਲ ਸੰਪਰਕ ਕਰਨ ਜਾਂ ਹੋਰ ਸਵਾਲ ਪੁੱਛਣ ਲਈ:
ਹੌਸਪਿਟਲ ਐਟ ਹੋਮ (HaH)
ਵੈਨਕੂਵਰ ਜਨਰਲ ਹਸਪਤਾਲ
(Vancouver General Hospital)
604-875-4111 Ext. 62211

ਅਸੀਂ ਇਸ ਗੱਲ ਨੂੰ ਮਾਨਤਾ ਦਿੰਦੇ ਹਾਂ ਕਿ ਵੈਨਕੂਵਰ ਜਨਰਲ ਹਸਪਤਾਲ (Vancouver General Hospital, VGH) ਦਾ ਹੌਸਪਿਟਲ ਐਟ ਹੋਮ ਪ੍ਰੋਗਰਾਮ Musqueam, Squamish, ਅਤੇ Tsleil-Waututh ਦੇ ਸਾਂਝੇ, ਅਣ-ਨਿਰਧਾਰਤ, ਰਵਾਇਤੀ ਖਿੱਤਿਆਂ 'ਤੇ ਸੇਵਾਵਾਂ ਚਲਾਉਂਦਾ ਅਤੇ ਪ੍ਰਦਾਨ ਕਰਦਾ ਹੈ। ਅਸੀਂ ਇਨ੍ਹਾਂ ਨੇਸ਼ਨਜ਼ ਨੂੰ ਮਾਨਤਾ ਦਿੰਦੇ ਹਾਂ ਜਿਨ੍ਹਾਂ ਨੇ ਪੁਰਾਣੇ ਸਮੇਂ ਤੋਂ ਇਨ੍ਹਾਂ ਜ਼ਮੀਨਾਂ ਅਤੇ ਪਾਣੀਆਂ ਦੀ ਸੰਭਾਲ ਕੀਤੀ ਹੈ।
ਅਸੀਂ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਾਰੇ ਲੋਕਾਂ ਨੂੰ ਬੇਮਿਸਾਲ ਅਤੇ ਬਰਾਬਰ ਦੇਖਭਾਲ ਪ੍ਰਦਾਨ ਕਰਨ ਲਈ ਵਚਨਬੱਧ ਹਾਂ, ਜਿਸ ਵਿੱਚ First Nations, Metis, ਅਤੇ Inuit ਲੋਕ ਸ਼ਾਮਲ ਹਨ।

PATIENT APPROVED PUBLIC
Making better decisions together with patients and families

ਕਿਰਪਾ ਕਰ ਕੇ ਇਸ QR ਕੋਡ ਨੂੰ ਸਕੈਨ ਕਰ ਕੇ ਅਨੁਵਾਦ ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ।

ਹੋਰ ਕਾਪੀਆਂ ਲਈ, vch.eduhealth.ca 'ਤੇ ਔਨਲਾਈਨ ਜਾਓ ਜਾਂ ਈਮੇਲ ਕਰੋ **phem@vch.ca** ਅਤੇ ਕੈਟਾਲਾਗ ਦਾ ਹਵਾਲਾ ਦਿਓ। No. **EF.200.H67.PU**
© Vancouver Costal Health, ਜਨਵਰੀ 2024

ਇਸ ਦਸਤਾਵੇਜ਼ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਸਿਹਤ ਸੰਭਾਲ ਟੀਮ ਦੁਆਰਾ ਦਿੱਤੀ ਗਈ ਸੀ।
vch.ca

Punjabi

# ਹੌਸਪਿਟਲ ਐਟ ਹੋਮ

# Hospital at Home (HaH)

## ਹਸਪਤਾਲ-ਪੱਧਰ ਦੀ ਦੇਖਭਾਲ ਤੁਹਾਡੇ ਘਰ ਤੋਂ

## Hospital-level care from your home

## ਮਰੀਜ਼ਾਂ, ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ



ਵੈਨਕੂਵਰ ਜਨਰਲ ਹਸਪਤਾਲ
(Vancouver General Hospital)
899 West 12th Avenue
Vancouver BC V5Z 1M9
604-875-4111
vch.ca/HaH

## ਹੌਸਪਿਟਲ ਐਟ ਹੋਮ ਬਾਰੇ ਜਾਣਕਾਰੀ

### About Hospital at Home

ਹੌਸਪਿਟਲ ਐਟ ਹੋਮ ਇੱਕ ਭਰੋਸੇਮੰਦ ਨਵੀਨਤਾਕਾਰੀ ਪ੍ਰੋਗਰਾਮ ਹੈ ਜੋ ਹਸਪਤਾਲ ਵਿੱਚ ਰਵਾਇਤੀ ਦਾਖਲੇ ਦੀ ਬਜਾਏ ਇੱਕ ਹੋਰ ਵਿਕਲਪ ਦਿੰਦਾ ਹੈ।

ਹੌਸਪਿਟਲ ਐਟ ਹੋਮ ਯੋਗ ਮਰੀਜ਼ਾਂ ਨੂੰ ਆਪਣੇ ਘਰ ਦੇ ਆਰਾਮ ਵਿੱਚ ਥੋੜ੍ਹੇ ਸਮੇਂ ਲਈ ਹਸਪਤਾਲ-ਪੱਧਰ ਦੀਆਂ ਸੇਵਾਵਾਂ ਪ੍ਰਾਪਤ ਕਰਨ ਦੀ ਚੋਣ ਦਿੰਦਾ ਹੈ।

ਹਾਲਾਂਕਿ ਤੁਸੀਂ ਘਰ ਵਿੱਚ ਹੋਵੋਗੇ, ਤੁਸੀਂ ਹਸਪਤਾਲ ਦੇ ਵਿੱਚ ਦਾਖਲ ਮਰੀਜ਼ ਵਜੋਂ ਰਜਿਸਟਰਡ ਰਹਿਣਾ ਜਾਰੀ ਰੱਖੋਗੇ ਅਤੇ ਆਪਣੇ ਹਸਪਤਾਲ ਦੇ ਡਾਕਟਰ ਅਤੇ ਦੇਖਭਾਲ ਟੀਮ ਤੋਂ ਸੁਰੱਖਿਅਤ, ਅਸਰਦਾਰ ਅਤੇ ਗੁਣਵੱਤਾ ਵਾਲੀ ਦੇਖਭਾਲ ਪ੍ਰਾਪਤ ਕਰਨਾ ਜਾਰੀ ਰੱਖੋਗੇ।

ਇਸ ਪ੍ਰੋਗਰਾਮ ਵਿਚ ਭਾਗ ਲੈਣਾ ਤੁਹਾਡੀ ਆਪਣੀ ਮਰਜ਼ੀ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਹੌਸਪਿਟਲ ਐਟ ਹੋਮ (Hospital at Home, HaH) ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਸਹਿਮਤ ਹੋਵੋ, ਹੌਸਪਿਟਲ ਐਟ ਹੋਮ (HaH) ਕੇਅਰ ਟੀਮ ਇਹ ਯਕੀਨੀ ਬਣਾਉਣ ਲਈ ਤੁਹਾਡੇ ਨਾਲ ਕੰਮ ਕਰੇਗੀ ਕਿ ਤੁਸੀਂ ਇਸ ਪ੍ਰੋਗਰਾਮ ਲਈ ਢੁਕਵੇਂ ਹੋ ਅਤੇ ਨਾਲ ਹੀ ਤੁਹਾਡੇ ਕਿਸੇ ਵੀ ਸਵਾਲ ਅਤੇ ਚਿੰਤਾਵਾਂ ਦੇ ਜਵਾਬ ਵੀ ਦੇਵੇਗੀ।

## ਹੌਸਪਿਟਲ ਐਟ ਹੋਮ ਕਿਵੇਂ ਕੰਮ ਕਰਦਾ ਹੈ

### How Hospital at Home Works

ਤੁਹਾਡੀ ਦੇਖਭਾਲ ਟੀਮ ਇਹ ਸੇਵਾਵਾਂ ਪ੍ਰਦਾਨ ਕਰੇਗੀ:

- ਨਿਯਮਤ ਤੌਰ 'ਤੇ ਤੁਹਾਡੀ ਮੈਡੀਕਲ ਅਵਸਥਾ ਅਤੇ ਘਰ ਵਿੱਚ ਤੁਹਾਡੀ ਸੁਰੱਖਿਆ 'ਤੇ ਨਜ਼ਰ ਰੱਖਣਾ ਅਤੇ ਜਾਇਜ਼ਾ ਲੈਣਾ।
- ਰੋਜ਼ਾਨਾ ਵਿਅਕਤੀਗਤ ਮੁਲਾਕਾਤਾਂ ਦੇ ਨਾਲ-ਨਾਲ ਵਰਚੁਅਲ ਦੇਖਭਾਲ ਪ੍ਰਦਾਨ ਕਰਨਾ ਅਤੇ ਨਿਗਰਾਨੀ ਰੱਖਣਾ
- ਦਵਾਈਆਂ ਪ੍ਰਦਾਨ ਕਰਨਾ, ਜ਼ਖ਼ਮਾਂ ਦੀ ਦੇਖਭਾਲ ਕਰਨਾ ਅਤੇ ਲੈਬ/ਖ਼ੂਨ ਦੇ ਸੈਂਪਲ ਲੈਣਾ
- ਤੁਹਾਨੂੰ ਸਿਹਤ ਸੰਭਾਲ ਦੇ ਸਾਰੇ ਲੋੜੀਂਦੇ ਸਾਜ਼ੋ-ਸਾਮਾਨ ਦੀ ਸਪਲਾਈ ਦੇਣਾ (ਜਿਵੇਂ ਕਿ ਬਲੱਡ ਪ੍ਰੈਸ਼ਰ ਮਾਨੀਟਰ, ਆਕਸੀਜਨ ਪੱਧਰ, ਟੈਬਲੇਟ ਆਦਿ)
- ਡਾਇਗਨੋਸਟਿਕ ਟੈਸਟਾਂ ਜਾਂ ਮੈਡੀਕਲ ਇਮੇਜਿੰਗ (ਉਦਾਹਰਣ ਵਜੋਂ x-ray, MRI, CT ਆਦਿ) ਦਾ ਪ੍ਰਬੰਧ ਕਰਨਾ, ਜਿਸ ਵਿੱਚ ਤੁਹਾਡੀ ਆਵਾਜਾਈ ਵੀ ਸ਼ਾਮਲ ਹੈ।
- ਲੋੜ ਅਨੁਸਾਰ, ਤੁਹਾਨੂੰ ਸਹਾਇਤਾ ਦੇਣਾ ਅਤੇ ਕਿਸੇ ਸਮੱਸਿਆ ਦਾ ਹੱਲ ਲੱਭਣ ਲਈ ਮੌਜੂਦ ਰਹਿਣਾ



ਤੁਹਾਡੀ ਦੇਖਭਾਲ ਕਰਨ ਵਾਲੀ ਟੀਮ ਵਿੱਚ ਸ਼ਾਮਲ ਹੋ ਸਕਦੇ ਹਨ:

- ਹਸਪਤਾਲ ਦੇ ਡਾਕਟਰ
- ਨਰਸ
- ਫਾਰਮਾਸਿਸਟ
- ਔਕਿਊਪੇਸ਼ਨਲ ਥੈਰੇਪਿਸਟ
- ਫਿਜ਼ੀਓਥੈਰੇਪਿਸਟ
- ਸੋਸ਼ਲ ਵਰਕਰ
- ਕੇਅਰ ਮੈਨੇਜਮੈਂਟ ਲੀਡਰ
- ਇੰਡੀਜਨਸ ਪੇਸ਼ੈਂਟ ਨੈਵੀਗੇਟਰ

ਹੌਸਪਿਟਲ ਐਟ ਹੋਮ (HaH) ਪ੍ਰੋਗਰਾਮ ਵਿੱਚ ਹੋਣ ਦੇ ਦੌਰਾਨ, ਤੁਹਾਡੇ ਕੋਲ ਆਪਣੀ ਦੇਖਭਾਲ ਟੀਮ ਨਾਲ 24/7 ਜੁੜਨ ਲਈ ਇੱਕ ਵਰਚੁਅਲ ਕਾਲ ਬੈਲ ਅਤੇ ਫੋਨ ਨੰਬਰ ਹੋਵੇਗਾ।

**ਜੇ ਤੁਸੀਂ ਸੁਰੱਖਿਅਤ ਮਹਿਸੂਸ ਨਹੀਂ ਕਰਦੇ, ਤੁਹਾਡੀ ਹਾਲਤ ਬਦਲ ਜਾਂਦੀ ਹੈ ਜਾਂ ਤੁਸੀਂ ਹੁਣ ਹਿੱਸਾ ਨਹੀਂ ਲੈਣਾ ਚਾਹੁੰਦੇ, ਤਾਂ ਅਸੀਂ ਤੁਹਾਡੇ ਹਸਪਤਾਲ ਵਿੱਚ ਵਾਪਸ ਜਾਣ ਦਾ ਬੰਦੋਬਸਤ ਕਰਾਂਗੇ।**